ਹੱਕ ਲੇਖਕ ਦੇ ਰਾਖਵੇਂ ਹਨ

# ਗੂੰਗੇ ਗੀਤ

ਨਵੀਨ
ਸਾਹਿਤਕ ਕਵਿਤਾਵਾਂ
ਦਾ
ਨਵੀਨ ਸੰਗ੍ਰਹਿ
ਲਿਖਤ

**ਵਿਧਾਤਾ ਸਿੰਘ "ਤੀਰ"**

SARDAR DYAL SINGH
LAHORE
LIBRARY

ਪ੍ਰਕਾਸ਼ਕ:-

**ਪੰਜਾਬੀ ਏਜਨਸੀ**

ਉਤਮ ਨਗਰ ਸੁਲਤਾਨ ਵਿੰਡ ਰੋਡ
ਅੰਮ੍ਰਿਤਸਰ

ਪਹਿਲੀ ਵਾਰ

ਮੂਲ ੨॥)

੮੯੧.੪੨੨
ਤੀ੭੨ ਸੈ
30163

# "ਤੀਰ" ਜੀ ਦੀਆਂ ਹੋਰ

## ਪੁਸਤਕਾਂ

ਕਵਿਤਾ–

- ਅਣਿਆਲੇ ਤੀਰ
- ਨਵੇਂ ਨਿਸ਼ਾਨੇ
- ਮਿਠੇ ਮੇਵੇ
- ਨਲ-ਦਮਯੰਤੀ
- ਧ੍ਰੂ-ਭਗਤ
- ਦਸਮੇਸ਼-ਦਰਸ਼ਨ
- ਦੁਖਯੰਤ-ਸ਼ਕੁੰਤਲਾ

ਵਾਰਤਕ–

- ਨਾਵਲ (ਅਨੁਵਾਦ)
- ਤਿੰਨ ਸਿਪਾਹੀ
- ਅਣੋਖੀ ਭੁਖ
- ਖ਼ੂਨੀ ਮਹਾਤਮਾ

ਸੈਨਤਾਂ
ਸਮਝਣ ਵਾਲਿਆਂ
ਨੂੰ

# ਜੋਤਾਂ ਜਗਾਉਣ ਵਾਲੇ

ਮਨੁਖੀ ਜੀਵਨ ਸਦਾ ਹੀ ਠੰਢੇ ਦੇਸ਼ਾਂ ਦੇ ਪਹਾੜਾਂ ਦੀਆਂ ਚੋਟੀਆਂ ਉਪਰ ਪਈਆਂ ਬਰਫਾਂ ਵਾਂਗ ਜੰਮਿਆ ਰਹਿੰਦਾ ਹੈ। ਪਾਣੀ ਵਾਂਗੂੰ ਮਨੁੱਖਤਾ ਭੀ ਜਦ ਨੇਕੀਆਂ ਦਾ ਨਿਘ, ਸਿਫਰ ਉਪਰ ਚਲਿਆ ਜਾਵੇ, ਤਾਂ ਜੰਮ ਕੇ ਖਿੰਘਰ ਬਣ ਜਾਂਦੀ ਹੈ। ਕਦੇ ਕੋਈ ਆਉਂਦਾ ਹੈ, ਉਹ ਆਪਣੇ ਆਚਰਣ ਨਾਲ, ਆਤਮਾ ਦੀ ਜਵਾਲਾ ਨਾਲ, ਖਿਆਲ ਦੇ ਜੋਸ਼ ਨਾਲ, ਜੰਮੀ ਤੇ ਅਹਿਲਿਆ ਬਣੀ ਮਨੁੱਖਤਾ ਨੂੰ ਸੂਰਜ ਵਾਂਗ ਪਿਘਲਾ ਦੇਂਦਾ ਹੈ, ਉਹੋ ਖਿੰਘਰ–ਬਰਫ, ਫਿਰ ਨਦੀਆਂ ਨਾਲੇ, ਵਾਹੜੇ ਤੇ ਚਸ਼ਮਿਆਂ ਵਿਚ ਉੱਛਲ ਉੱਛਲ ਵਗਦੀ ਹੈ, ਧਰਤੀ ਦੇ ਠੰਢੇ ਸੀਨੇ, ਡਲ ਤੇ ਝੀਲਾਂ ਵਿਚ ਭੀ ਏਹੋ ਬਰਫ ਜਾਂਦੀ ਹੈ। ਲੋਕਾਂ ਦੀ ਪਿਆਸ ਮਿਟਾਂਦੀ ਤੇ ਲਿਬੜਿਆਂ ਨੂੰ ਨਿਰਮਲ ਕਰਦੀ ਹੈ, ਅਨੰਤ ਅਕਾਸ਼ ਦੇ ਡੂੰਘਾਂ ਨੂੰ, ਤਾਰਿਆਂ, ਸਿਆਰਿਆਂ ਤੇ ਚੰਦਾਂ ਸੂਰਜਾਂ ਨੂੰ ਆਪਣੇ ਵਿਚ ਖਿਚ ਲੈਂਦੀ ਹੈ।

ਚਲਦੀ ਨਾੜ ਤੇ ਹਥ ਰਖ ਕੇ ਵੈਦ ਕਹਿ ਦੇਂਦਾ ਹੈ ਕਿ ਇਹ ਜੀਊਂਦਾ ਹੈ, ਏਸੇ ਤਰ੍ਹਾਂ ਜਿਸ ਅਖ ਵਿਚੋਂ ਦਰਦ ਤੇ ਹੰਝੂ ਟਪ ਟਪ ਕਰ ਕੇ ਟਪਕ ਪੈਂਦੇ ਹਨ, ਮਨੁੱਖਤਾ ਦਾ ਵੈਦ ਕਹਿੰਦਾ ਹੈ, ਇਸ ਵਿਚ ਮਨੁਖਤਾ ਜੀਉਂਦੀ ਹੈ, ਜਾਂ ਜਾਗ ਪਈ ਹੈ। 'ਤੀਰ' ਆਪਣੀਆਂ ਕਵਿਤਾਵਾਂ ਨਾਲ ਪਥਰ ਪਿਘਲਾਉਂਦਾ ਹੈ, ਤੇ ਨਾਨਕ ਸਿੰਘ ਆਪਣੇ ਨਾਵਲਾਂ ਨਾਲ। ਮੈਨੂੰ ਆਪਣੇ ਪਿੰਡ ਦਾ ਦ੍ਰਿਸ਼ ਯਾਦ ਹੈ, ਰੂੜੀਆਂ ਦੇ ਲਾਗੇ ਮੋਟੇ ਮੋਟੇ ਲਕੜਾਂ ਦੇ ਮੋਛੇ ਅਤੇ ਬ੍ਰਿਛਾਂ ਦੇ ਮੁਢ ਪਏ ਹੋਏ ਸਨ, ਏਨ੍ਹਾਂ ਕੁਰਸੀਆਂ ਉਪਰ ਪੇਂਡੂ ਬੈਠੇ ਹੋਏ ਸਨ। 'ਤੀਰ ਦਾ ਇਕ ਕਿੱਸਾ ਪੜ੍ਹਿਆ ਜਾ ਰਿਹਾ ਸੀ ਤੇ ਲੋਕ ਰੋ ਰਹੇ ਸਨ, ਕਿਸੇ ਦੇ ਦੁਖ ਸਨ, ਕਿਸੇ ਦੀ ਕਹਾਣੀ ਸੀ, ਪਰ ਰੋ ਰਹੇ ਸਨ, ਉਹ ਲੋਕ



ਜੇਹੜੇ ਸਕੇ ਭਰਾਵਾਂ ਨੂੰ ਪੱਠਿਆਂ ਵਾਂਗ ਕੁਤਰ ਸਕਦੇ ਹਨ, ਜੇਹੜੇ ਆਪਣੇ ਕੰਮਾਂ ਜਿੰਨੇ ਭਿਆਨਕ ਹਨ। ਪਿੰਡਾਂ ਵਿਚੋਂ ਹੀਰ ਘਟ ਰਹੀ ਹੈ ਅਤੇ ਉਸ ਦੀ ਥਾਂ ਸ਼ਹੀਦੀ ਕਿਸੇ ਮਲ ਰਹੇ ਹਨ, ਦਸਮੇਸ਼ ਦੇ ਹਿੱਕਾਂ ਮਿਣਨ ਵਾਲੇ ਦ੍ਰਿਸ਼ ਦਾ ਕਦੀ ਸਾਰੀ ਕੌਮ ਮਿਲ ਕੇ ਮੁਲ ਪਾਵੇਗੀ। ਇਹ ਤਾਂ ਉਥੋਂ ਦਾ ਸੀਨ ਹੈ, ਜਿਥੇ 'ਤੀਰ' ਜੀ ਆਪ ਨਹੀਂ ਹੁੰਦੇ ਪਰ ਜਿਥੇ ਆਪ ਹੁੰਦੇ ਹਨ, ਪੜ੍ਹਨ ਵੇਲੇ ਇਕ ਇਤਿਹਾਸ ਦਾ ਨਵਾਂ ਤੇ ਦਰਦ ਭਰਿਆ ਸਫਾ ਖੁਲ੍ਹਦਾ ਹੈ, ਅੱਖਾਂ ਹੰਝੂਆਂ ਨਾਲ ਸਿੱਜੀਆਂ ਸਿੱਜੀਆਂ, ਅਵਾਜ਼ ਦਰਦ ਨਾਲ ਕੰਬਦੀ ਕੰਬਦੀ, ਪਾਲ ਦੇ ਆਦਿ ਤੇ ਅੰਤ ਵਿਚ ਇਕ ਲੰਮਾ ਹਾਉਕਾ। ਫਿਰ ਕੀ? ਸਾਡਾ ਇਤਿਹਾਸ ਸਾਡੇ ਸਾਹਮਣੇ ਹੁੰਦਾ ਹੈ, ਅਸੀ ਆਪਣੇ ਆਪ ਨੂੰ ਇਤਿਹਾਸ ਦੇ ਸ਼ੀਸ਼ੇ ਵਿਚ ਵੇਖ ਕੇ ਪਹਿਲਾਂ ਸ਼ਰਮਿੰਦੇ ਹੁੰਦੇ ਹਾਂ ਪਰ ਝਟ ਪਿਛੋਂ 'ਤੀਰ' ਜੀ ਸਾਨੂੰ ਪ੍ਰੇਰਨਾ ਨਾਲ ਭਰ ਦੇਂਦੇ ਹਨ ਤੇ ਸ਼ਹੀਦੀਆਂ ਪਾਉਣ ਜਿਨਾਂ ਸਾਨੂੰ ਬਲ ਮਿਲ ਜਾਂਦਾ ਹੈ। 'ਤੀਰ' ਜੀ ਸਾਡੇ ਇਤਿਹਾਸ ਦੇ ਆਸ਼ਕ-ਢਾਡੀ ਹਨ, ਉਨ੍ਹਾਂ ਹਰ ਕੋਨੇ ਨੂੰ ਕਈ ਕਈ ਵਾਰ ਧਿਆਨ ਨਾਲ ਵੇਖਿਆ ਹੈ ਤੇ ਵਿਚਾਰਿਆ ਹੈ ਤੇ ਬੜਾ ਕੁਝ ਲਭ ਕੇ ਸਾਨੂੰ ਦਿਤਾ ਹੈ, ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਤੋਂ, ਕੋਹਨੂਰ ਹੀਰੇ ਦੇ ਚਾਨਣ ਤੋਂ, ਦਲੀਪ ਸਿੰਘ ਦੇ ਸਖਣੇ ਤੇ ਕਬਰ ਵਰਗੇ ਇਕਲੇ ਦਿਲ ਵਿਚੋਂ, ਜਮਨਾ ਦੇ ਕੰਢਿਆਂ ਤੋਂ ਕਈ ਡੁਲ੍ਹ ਚੁਕੇ ਹੰਝੂਆਂ ਵਿਚੋਂ, ਲਾਹੌਰ ਦੀ ਤਤੀ ਤਵੀ ਹੇਠਾਂ ਬਲ ਚੁਕੀਆਂ ਲਕੜਾਂ ਦੀ ਸਵਾਹ ਵਿਚੋਂ, ਮਰਦਾਨੇ ਦੇ ਰਬਾਬ ਦੀਆਂ ਕਿਲੀਆਂ ਤੇ ਤਾਰਾਂ ਵਿਚੋਂ, ਮਾਛੀ ਵਾੜੇ ਦੇ ਰਾਹਾਂ ਤੋਂ, ਗੁਰੂ-ਇਤਿਹਾਸ, ਸ਼ਹੀਦ–ਇਤਿਹਾਸ ਤੇ ਸਿਖ-ਰਾਜ ਇਤਿਹਾਸ ਸਾਰਾ ਪ੍ਰਵਾਨਿਆਂ ਦਾ ਇਤਿਹਾਸ ਹੈ। ਇਹ ਤੇ ਇਹੋ ਜਹੇ ਸੈਂਕੜੇ ਥਾਂ ਹਨ, ਕਵੀ ਲਈ ਇਤਿਹਾਸ ਦੀਆਂ ਅਮੁਕ ਕਾਨਾਂ। 'ਤੀਰ' ਜੀ ਦੀ ਸੋਝੀ ਦਾ ਵਰਮਾ ਪਥਰਾਂ ਦੀਆਂ ਹਿਕਾਂ ਪਾੜ ਕੇ ਧੁਰ ਹੇਠਾਂ ਪਹੁੰਚ ਜਾਂਦਾ ਹੈ ਅਤੇ ਧੁਰ ਥਲੇ ਪਈਆਂ ਜੀਵਨ-ਧਾਤਾਂ ਦਾ ਪਤਾ ਦੇਂਦਾ ਹੈ। ਇਹੋ ਜਹੇ ਇਕਲੇ ਕੰਮ ਕਰਨ ਵੇਲੇ ਉਹ ਉਜਾੜ ਭਾਲਦਾ ਹੈ ਅਤੇ ਰੌਲੇ ਰੱਪਿਆਂ ਤੋਂ ਨਠਦਾ ਹੈ ਉਸ ਨੇ ਸਮੇਂ ਦੀ ਧੁੰਦ ਵਿਚ ਵਲੇਟੀ ਹੋਈ ਤਸਵੀਰ ਦੀ ਫੋਟੋ ਲੈਣੀ ਹੈ।

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.